**Education and Skills**
**Coventry City Council**
PO Box 15, Council House
Coventry CV1 5RR
ਮਾਰਚ 2022
ਈਮੇਲ: haf@coventry.gov.uk

ਪਿਆਰੇ ਮਾਪੇ/ਕੇਅਰਰਜ਼,

**ਫ੍ਰੀ ਸਕੂਲ ਮੀਲਜ਼ (ਮਫਤ ਸਕਲੀ ਖਾਣਿਆਂ) ਦੇ ਯੋਗ ਬੱਚਿਆਂ ਦੇ ਲਈ- ਇਸ ਈਸਟਰ ਦੀਆਂ ਸਕੂਲੀ ਛੁੱਟੀਆਂ(ਹੌਲੀਡੇ) ਵਿੱਚ ਫ੍ਰੀ ਐਕਟੀਵੀਟੀਜ਼ (ਮੁਫਤ ਗਤੀਵਿਧੀਆਂ) ਅਤੇ ਖਾਣਾ**

ਇਹ ਜਾਣਕਾਰੀ ਉਨ੍ਹਾਂ ਬੱਚਿਆਂ ਦੇ ਮਾਪਿਆਂ/ਕੇਅਰਜ਼ਜ਼ ਲਈ ਹੈ **ਜੋ ਫ੍ਰੀ ਸਕੂਲ ਮੀਲਜ਼ ਪ੍ਰਾਪਤ ਕਰਨ ਦੇ ਯੋਗ ਹਨ** । ਸਾਨੂੰ ਤੁਹਾਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਫ੍ਰੀ ਸਕੂਲ ਮੀਲਜ਼ ਲਈ ਯੋਗ ਬੱਚੇ ਹੋਲੀਡੇ ਐਕਟੀਵਿਟੀਜ਼ ਐਂਡ ਫੂਡ (Coventry Holiday Activities and Food) ਹੈਫ (HAF) ਪ੍ਰੋਗਰਾਮ ਦੇ ਰਾਹੀਂ ਇਸ ਈਸਟਰ ਦੀਆਂ ਸਕੂਲੀ ਛੁੱਟੀਆਂ ਵਿੱਚ ਕਾਫੀ ਸਾਰੀਆਂ ਫ੍ਰੀ ਹੌਲੀਡੇ ਐਕਟੀਵੀਟੀਜ਼ ਅਤੇ ਖਾਣਿਆਂ ਦਾ ਲਾਭ ਉਠਾ ਸਕਦੇ ਹਨ ।

**ਆਪਣੇ ਬੱਚੇ ਲਈ ਹੈਫ (HAF) ਐਕਟੀਵੀਟੀਜ਼ ਬੁੱਕ ਕਰਨ ਦੇ ਇਹ ਕੁਝ ਆਸਾਨ ਕਦਮ ਹਨ:**
ਕਦਮ 1: ਕਾਫੀ ਸਾਰੀਆਂ ਉਪਲੱਬਧ ਐਕਟੀਵੀਟੀਜ਼ ਦੇ ਬਾਰੇ ਦੇਖਣ ਲਈ ਇਸ ਜਾਣਕਾਰੀ ਦੇ ਨਾਲ ਆਈ **ਪੁਸਤਿਕਾ(ਬੁੱਕਲੈੱਟ)** ਨੂੰ ਪੜ੍ਹੋ
ਕਦਮ 2: ਐਕਟੀਵੀਟੀਜ਼ ਦੇ ਬਾਰੇ ਹੋਰ ਜਾਣਕਾਰੀ ਲੈਣ ਲਈ www.coventry.gov.uk/haf ਤੇ ਜਾਓ (ਜਾਂ **"Coventry HAF"** ਨੂੰ ਗੂਗਲ ਕਰੋ)
ਕਦਮ 3: ਇਸ ਵੱਬਪੇਜ (webpage) ਤੇ ਦਿੱਤੀਆਂ ਹਿਦਾਇਤਾਂ ਨੂੰ ਪੂਰਾ ਕਰੋ ਅਤੇ ਆਪਣੇ ਬੱਚੇ ਨੂੰ ਐਕਟੀਵੀਟੀਜ਼ ਤੇ **ਬੁੱਕ** ਕਰੋ (ਤੁਹਾਨੂੰ ਤੁਹਾਡੇ ਵਿਸ਼ੇਸ਼ (unique) **ਹੈਫ ਕੋਡ** (**HAF code)** ਦੀ ਲੋੜ ਹੋਵੇਗੀ ਜੋ ਤੁਹਾਡੇ ਘਰ ਦੇ ਪਤੇ ਤੇ ਭੇਜੀ ਗਈ ਚਿੱਠੀ ਦੇ ਵਿੱਚ ਦੱਸਿਆ ਗਿਆ ਸੀ ।

**ਮੈਂ ਆਪਣਾ ਹੈਫ ਕੋਡ (HAF code) ਕਿੱਥੇ ਦੇਖ ਸਕਦਾ/ਸਕਦੀ ਹਾਂ?**

- ਜੇਕਰ ਆਪਣੇ ਹੈਫ ਕੋਡ ਵਾਲੀ ਚਿੱਠੀ ਤੁਹਾਨੂੰ ਨਹੀਂ ਮਿਲਦੀ ਤਾਂ, ਕਿਰਪਾ ਕਰਕੇ ਮਦਦ ਲਈ ਕੌਵੈਂਟਰੀ ਸਿਟੀ ਕਾਊਂਸਲ ਕਸਟਰਮਰ ਟੀਮ ਦੇ ਮੈਂਬਰ ਨੂੰ https://www.coventry.gov.uk/customerservicecentre ਤੇ ਸੰਪਰਕ ਕਰੋ
- ਜੇਕਰ ਤੁਹਾਡੇ ਕੋਲ ਇੰਟਰਨੈੱਟ ਨਹੀਂ ਹੈ ਤਾਂ, ਕਿਰਪਾ ਕਰਕੇ ਟੀਮ ਨੂੰ 08085 834 333 ਤੇ ਫੋਨ ਕਰੋ

**ਜੇਕਰ ਮੇਰੇ ਕੋਲ ਇੰਟਰਨੈੱਟ ਨਹੀਂ ਹੈ ਜਾਂ ਆਪਣੀ ਬੁਕਿੰਗ ਕਰਨ ਵਿੱਚ ਮਦਦ ਦੀ ਲੋੜ ਹੋਵੇ?**

- ਕਿਰਪਾ ਕਰਕੇ 08085 834 333 ਤੇ ਫੋਨ ਕਰੋ ਅਤੇ ਸਾਡੀ ਕਸਟਰਮਰ ਕੌਨਟੈਕਟ ਟੀਮ ਦਾ/ਦੀ ਕੋਈ ਮੈਂਬਰ ਤੁਹਾਡੀ ਮਦਦ ਕਰ ਸਕੇਗਾ/ਸਕੇਗੀ ।
- ਜਾਂ, ਜੇਕਰ ਤੁਸੀਂ ਕਿਸੇ ਨਾਲ ਮਿਲ ਕੇ ਗੱਲ ਕਰਨਾ ਚਾਹੁੰਦੇ ਹੋ ਤਾਂ, ਕਿਰਪਾ ਕਰਕੇ ਸਾਡੀ ਕਿਸੇ ਲੋਕਲ ਫੈਮਲੀ ਹੱਬਜ਼ ਜਾਂ ਲਾਇਬ੍ਰੇਰੀਜ਼ ਤੇ ਜਾਓ (ਖੁੱਲ੍ਹਣ ਅਤੇ ਥਾਂ ਦੇ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ 0800 887 0545 ਤੇ ਫੋਨ ਕਰੋ ਜਾਂ ਤੇ www.coventry.gov.uk/familyhubs ਜਾਂ www.coventry.gov.uk/libraries-1 ਜਾਓ) ।

**ਅੱਗੇ ਕੀ ਹੁੰਦਾ ਹੈ?**

- ਇੱਕ ਵਾਰ ਬੁੱਕ ਹੋਣ ਤੇ, ਕੰਮ ਦੇ 3 ਦਿਨਾਂ ਦੇ ਅੰਦਰ ਤੁਹਾਨੂੰ ਪੁਸ਼ਟੀ (ਕੰਨਫਰਮੇਸ਼ਨ) ਈਮੇਲ ਮਿਲੇਗੀ ।
- ਜੇਕਰ ਤੁਹਾਡਾ ਬੱਚਾ ਨਹੀਂ ਆ ਸਕਦਾ ਤਾਂ, ਕਿਰਪਾ ਕਰਕੇ ਆਪਣੀ ਬੁਕਿੰਗ ਕੈਂਸਲ(ਰੱਦ) ਕਰ ਦਿਓ ਤਾਂ ਜੋ ਕੋਈ ਹੋਰ ਬੱਚਾ ਇਸ ਮੌਕੇ ਦਾ ਲਾਭ ਉਠਾ ਸਕੇ । www.coventry.gov.uk/haf ਤੇ ਜਾ ਕੇ ਜਾਂ 08085 834 333 ਤੇ ਫੋਨ ਕਰਕੇ ਤੁਸੀਂ ਕੈਂਸਲ ਕਰ ਸਕਦੇ ਹੋ ।

**ਹੁਣੇ ਬੁੱਕ ਕਰੋ** ਤਾਂ ਜੋ ਤੁਸੀਂ ਖੁੰਝ ਨਾ ਜਾਵੋ- ਥਾਵਾਂ ਜਲਦੀ ਭਰ ਜਾਣਗੀਆਂ!

ਤੁਹਾਡੀ ਸ਼ੁਭਚਿੰਤਕ

K. Nelson.

ਕਰਸਟਨ ਨੈੱਲਸਨ (Kirston Nelson)
**ਚੀਫ ਪਾਰਟਨਰਸ਼ਿਪ ਔਫਿਸਰ/ਡਾਇਰੈਕਟਰ ਆਫ ਐਜੂਕੇਸ਼ਨ ਐਂਡ ਸਕਿਲਜ਼**
(**Chief Partnership Officer/ Director of Education and Skills**)